

# ਜਨ ਸਿਹਤ ਵਿਭਾਗ

## ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਜਨ ਸਿਹਤ ਵਿਭਾਗ ਵਿਚ ਚਲ ਰਹੀਆਂ ਸਕੀਮਾਂ ਸਬੰਧੀ ਨੋਟ

ਜਨ ਸਿਹਤ ਵਿਭਾਗ ਪੰਜਾਬ ਦੇ ਪਿੰਡਾਂ ਦੇ ਲੋਕਾਂ ਦੀ ਅਤੇ ਸਰਕਾਰੀ ਸੰਸਥਾਵਾਂ ਵਿਚ ਪੀਣ ਵਾਲੇ ਪਾਣੀ ਲੋੜ ਨੂੰ ਪੂਰਾ ਕਰਨ ਲਈ ਪੂਰੀ ਤਨਦੇਹੀ ਅਤੇ ਲਗਨ ਦੇ ਨਾਲ ਯਤਨਸ਼ੀਲ ਹੈ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਨਿਗਰਾਨ ਇੰਜੀਨੀਅਰ, ਜਨ ਸਿਹਤ ਹਲਕਾ ਦਾ ਦਫਤਰ ਊਨਾ ਰੋਡ ਤੇ ਸਥਿਤ ਹੈ। ਇਸ ਦਫ਼ਤਰ ਅਧੀਨ 4 ਮੰਡਲ ਹਨ। ਜਿਨ੍ਹਾਂ ਦਾ ਮੁੱਖੀ ਕਾਰਜਕਾਰੀ ਇੰਜੀਨੀਅਰ ਹੁੰਦਾ ਹੈ। ਹੁਸ਼ਿਆਰਪੁਰ ਵਿਖੇ ਕਾਰਜਕਾਰੀ ਇੰਜੀਨੀਅਰ (ਪਜਸ) ਅਤੇ ਕਾਰਜਕਾਰੀ ਇੰਜੀਨੀਅਰ (ਸ.ਕ.) ਦਾ ਦਫ਼ਤਰ ਸਥਿਤ ਹੈ। ਇਸ ਤੋਂ ਇਲਾਵਾ ਕਾਰਜਕਾਰੀ ਇੰਜੀਨੀਅਰ (ਪਜਸ) ਦੇ ਦਫ਼ਤਰ ਤਲਵਾੜਾ ਅਤੇ ਗੜ੍ਹਸ਼ੰਕਰ ਵਿਖੇ ਹਨ। ਕਾਰਜਕਾਰੀ ਇੰਜੀਨੀਅਰ ਦੇ ਅਧਿਕਾਰ ਖੇਤਰ ਵਿਚ ਕ੍ਰਮਵਾਰ 3 ਅਤੇ 4 ਉਪ ਮੰਡਲ ਪੈਂਦੇ ਹਨ। ਜਿਨ੍ਹਾਂ ਦਾ ਇੰਚਾਰਜ ਉਪ ਮੰਡਲ ਇੰਜੀਨੀਅਰ ਹੁੰਦਾ ਹੈ।

ਹਰ ਇਕ ਉਪ ਮੰਡਲ ਇੰਜੀਨੀਅਰ ਅਧੀਨ 4 ਤੋਂ 5 ਜੂਨੀਅਰ ਇੰਜੀਨੀਅਰ ਕੰਮ ਕਰਦੇ ਹਨ। ਹਰ ਇਕ ਨਵੀਂ ਅਤੇ ਚਾਲੂ ਜਲ ਯੋਜਨਾ ਦਾ ਇੰਚਾਰਜ ਜੂਨੀਅਰ ਇੰਜੀਨੀਅਰ ਹੈ ਜੋ ਕਿ ਆਪਣੇ ਉਪ ਮੰਡਲ ਇੰਜੀਨੀਅਰ ਅਤੇ ਕਾਰਜਕਾਰੀ ਇੰਜੀਨੀਅਰ ਦੀ ਦੇਖ-ਰੇਖ ਵਿਚ ਕੰਮ ਕਰਦਾ ਹੈ।

ਮਹਿਕਮਾ ਜਨ ਸਿਹਤ ਵਿਭਾਗ ਵਲੋਂ ਆਮ ਜਨਤਾ ਨੂੰ ਸਵੱਛ ਪਾਣੀ ਦੇਣਾ ਅਤੇ ਸਰਕਾਰੀ ਸੰਸਥਾ ਵਿਚ ਪਾਣੀ ਦੇਣ/ਸੈਨੀਟੇਸ਼ਨ ਕਰਨਾ ਹੈ। ਮਹਿਕਮਾ ਜਨ ਸਿਹਤ ਵਿਭਾਗ ਦੇ ਦੋ ਵਿੰਗ ਹਨ। ਇਕ ਵਿੰਗ ਸਰਕਾਰੀ ਕੰਮ ਦਾ ਅਤੇ ਦੂਜਾ ਵਿੰਗ ਪੇਂਡੂ ਜਲ ਸਪਲਾਈ ਦਾ ਹੈ।

1. **ਸਰਕਾਰੀ ਕੰਮ**

ਮਹਿਕਮਾ ਜਨ ਸਿਹਤ ਵਿਭਾਗ ਦੇ ਸਰਕਾਰੀ ਵਿੰਗ ਦਾ ਕੰਮ ਸਾਰੀਆਂ ਸਰਕਾਰੀ ਸੰਸਥਾਵਾਂ ਵਿਚ ਸਵੱਛ ਪਾਣੀ ਸਪਲਾਈ ਕਰਨਾ ਅਤੇ ਸੈਨੀਟੇਸ਼ਨ ਦਾ ਕੰਮ ਕਰਨਾ ਹੈ ਅਤੇ ਇਨ੍ਹਾਂ ਸਬੰਧਤ ਸੰਸਥਾਵਾਂ ਦੀ ਦੇਖਭਾਲ ਕਰਨਾ ਵੀ ਸ਼ਾਮਿਲ ਹੈ।

2. **ਪੇਂਡੂ ਜਲ ਸਪਲਾਈ ਵਿਭਾਗ**

ਮਹਿਕਮਾ ਰੂਰਲ ਵ/ਸ ਪਿੰਡ ਵਾਸੀਆਂ ਨੂੰ ਸਵੱਛ ਪਾਣੀ ਦਿੰਦਾ ਹੈ। ਜ਼ਿਲ੍ਹਾ ਹੁਸ਼ਿਆਰਪੁਰ ਵਿਚ 1991 ਦੀ ਜਨਗਣਨਾ ਅਨੁਸਾਰ 1429 ਪਿੰਡ ਹਨ, ਜਿਨ੍ਹਾਂ ਵਿਚ 30 ਪਿੰਡ ਬੇਚਰਾਗ ਅਤੇ 1991 ਦੀ ਜਨਗਣਨਾ ਤੋਂ ਬਾਅਦ ਤੋਂ 4 ਹੋਰ ਪਿੰਡ ਬੇਚਿਰਾਗ ਅਤੇ 4 ਪਿੰਡ ਨਗਰ ਪਾਲਿਕਾ ਦੀ ਹਦੂਦ ਵਿਚ ਚਲੇ ਗਏ ਹਨ, ਜਿਨ੍ਹਾਂ ਨੂੰ ਕੱਢ ਕੇ 1391 ਪਿੰਡ ਬਾਕੀ ਰਹਿੰਦੇ ਹਨ। ਇਨ੍ਹਾਂ ਪਿੰਡਾਂ ਵਿਚੋਂ 26 ਪਿੰਡਾਂ ਵਿਚ ਪਾਣੀ ਦੀ ਕੋਈ ਸਮੱਸਿਆ ਨਹੀਂ ਪਾਈ ਗਈ ਜਦਕਿ 1365 ਪਿੰਡ ਪਾਣੀ ਦੀ ਸਮੱਸਿਆ ਵਾਲੇ ਹਨ। ਇਨ੍ਹਾਂ 1365 ਪਿੰਡਾਂ ਵਿਚੋਂ 31-3-2002 ਤੱਕ 1020 ਪਿੰਡਾਂ ਨੂੰ ਪਾਣੀ ਦੀ ਸਪਲਾਈ ਮੁਹੱਈਆ ਕੀਤੀ ਗਈ ਹੈ। ਰਹਿੰਦੇ ਪਿੰਡਾਂ ਵਿਚ ਪੀਣ ਵਾਲੇ ਸਾਫ ਸੁਥਰੇ ਪਾਣੀ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਇਸ ਵਿਭਾਗ ਵਲੋਂ ਜ਼ੋਰਦਾਰ ਉਪਰਾਲੇ ਕੀਤੇ ਜਾ ਰਹੇ ਹਨ।

3. **ਸਵੈਜਲਧਾਰਾ ਸਕੀਮ**

ਸਵੈਜਲਧਾਰਾ ਸਕੀਮ ਕੇਂਦਰ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਹੈ। ਇਸ ਸਕੀਮ ਅਧੀਨ 90% ਹਿੱਸਾ ਕੇਂਦਰ ਸਰਕਾਰ ਵਲੋਂ ਜਾਰੀ ਕੀਤਾ ਜਾਂਦਾ ਹੈ ਅਤੇ 10% ਹਿੱਸਾ ਲਾਭਪਾਤਰੀਆਂ ਵਲੋਂ ਦਿੱਤਾ ਜਾਂਦਾ ਹੈ। ਜਿਨ੍ਹਾਂ ਪਿੰਡਾਂ/ਸਕੀਮਾਂ ਅਧੀਨ 50% ਤੋਂ ਜ਼ਿਆਦਾ ਅਨੁਸੂਚਿਤ ਜਾਤੀਆਂ ਨਾਲ ਲੋਕ ਸਬੰਧ ਰੱਖਦੇ ਹਨ, ਉਨ੍ਹਾਂ ਵਿੱਚ

ਲਾਭਪਾਤਰੀਆਂ ਵਲੋਂ 5% ਹਿੱਸਾ ਅਤੇ ਸਰਕਾਰ ਵਲੋਂ 95% ਹਿੱਸਾ ਪਾਇਆ ਜਾਣਾ ਹੈ। ਇਸ ਤਰ੍ਹਾਂ ਉਕਤ ਅਨੁਸਾਰ ਕੋਈ ਵੀ ਲਾਭਪਾਤਰੀ ਬਣਦਾ ਹਿੱਸਾ ਦੇ ਕੇ ਕੇਂਦਰ ਵਲੋਂ ਜਾਰੀ ਕੀਤੀ ਗਈ ਸਕੀਮ ਦਾ ਲਾਭ ਉਠਾ ਸਕਦਾ ਹੈ। ਸਕੀਮਾਂ ਮੁਕੰਮਲ ਹੋਣ ਉਪਰੰਤ ਇਨ੍ਹਾਂ ਦੀ ਦੇਖਭਾਲ ਸਬੰਧਤ ਪੰਚਾਇਤਾਂ ਵਲੋਂ ਹੀ ਕੀਤੀ ਜਾਣੀ ਹੈ।

4. **ਰੂਰਲ ਵ/ਸ ਵਿਭਾਗ ਵਲੋਂ ਪਿੰਡਾਂ ਨੂੰ ਸਵੱਛ ਪਾਣੀ ਦੀ ਸਪਲਾਈ ਦੇਣ ਸਬੰਧੀ**

ਮਹਿਕਮਾ ਰੂਰਲ ਵ/ਸ ਵਿਭਾਗ ਵਲੋਂ ਪਿੰਡਾਂ ਵਿਚ ਦੋ ਤਰ੍ਹਾਂ ਨਾਲ ਪਾਣੀ ਦੀ ਸਪਲਾਈ ਦਿੱਤੀ ਜਾਂਦੀ ਹੈ। ਇਕ ਪਬਲਿਕ ਸਟੈਂਡ ਪੋਸਟ ਰਾਹੀਂ ਦੂਸਰਾ ਪ੍ਰਾਈਵੇਟ ਵਾਟਰ ਕਨੈਕਸ਼ਨਾਂ ਰਾਹੀਂ। ਮਹਿਕਮੇ ਵਲੋਂ ਨਾਰਮ ਮੁਤਾਬਿਕ 250 ਦੀ ਅਬਾਦੀ ਪਿੱਛੇ ਪਲੇਨ ਏਰੀਏ ਵਿਚ ਇਕ ਪਬਲਿਕ ਸਟੈਂਡ ਪੋਸਟ ਦਿੱਤਾ ਜਾਂਦਾ ਹੈ ਅਤੇ ਕੰਢੀ ਏਰੀਏ ਵਿਚ 150-200 ਦੀ ਅਬਾਦੀ ਪਿੱਛੇ ਇਕ ਸਟੈਂਡ ਪੋਸਟ ਦਿੱਤਾ ਜਾਂਦਾ ਹੈ। ਜੋ ਸਕੀਮਾਂ 40 ਐਲ.ਪੀ.ਸੀ.ਡੀ. ਤੇ ਡਿਜ਼ਾਇਨ ਹੋਈਆਂ ਹਨ ਉਥੇ ਪ੍ਰਾਈਵੇਟ ਕੁਨੈਕਸ਼ਨ ਪਾਣੀ ਉਪਲੱਬਧਤਾ ਦੇ ਆਧਾਰ ਤੇ ਦਿੱਤੇ ਜਾਂਦੇ ਹਨ ਅਤੇ ਹੁਣ ਜੋ ਸਕੀਮਾਂ 70 ਐਲ.ਪੀ.ਸੀ.ਡੀ. ਤੇ ਡਿਜ਼ਾਇਨ ਹੋਈਆਂ ਹਨ ਉਥੇ ਪ੍ਰਾਈਵੇਟ ਵਾਟਰ ਕੁਨੈਕਸ਼ਨ ਆਨ ਡਿਮਾਂਡ ਦਿੱਤੇ ਜਾਂਦੇ ਹਨ। ਪਾਣੀ ਦਾ ਨਿੱਜੀ ਕੁਨੈਕਸ਼ਨ ਲੋੜ ਵਾਸਤੇ ਖਪਤਕਾਰ ਵਲੋਂ ਮਹਿਕਮੇ ਦੇ ਨਿਰਧਾਰਤ ਕੀਤੇ ਪ੍ਰੋਫਾਰਮੇ ਭਰ ਕੇ ਉਪ ਮੰਡਲ ਇੰਜੀਨੀਅਰ ਦੇ ਦਫ਼ਤਰ ਵਿੱਚ ਮੰਨਜ਼ੂਰੀ ਵਾਸਤੇ ਦਿੱਤੇ ਜਾਂਦੇ ਹਨ। ਇਹ ਉਪ ਮੰਡਲ ਇੰਜੀਨੀਅਰ ਵਲੋਂ ਹੀ ਮੰਨਜ਼ੂਰ ਕੀਤੇ ਜਾਂਦੇ ਹਨ। ਪ੍ਰਾਈਵੇਟ ਕੁਨੈਕਸ਼ਨ ਵਾਸਤੇ 1000/- ਰੁਪਏ ਕੁਨੈਕਸ਼ਨ ਫੀਸ ਅਤੇ 60/- ਰੁਪਏ ਬਤੌਰ ਸਕਿਓਰਟੀ ਦੇ ਤੌਰ ਤੇ ਲਏ ਜਾਂਦੇ ਹਨ। ਪ੍ਰਾਈਵੇਟ ਕੁਨੈਕਸ਼ਨ ਦਾ ਪ੍ਰਤੀ ਮਹੀਨਾ ਬਿੱਲ 50/- ਰੁਪਏ (40 ਐਲ.ਪੀ.ਸੀ.ਡੀ.ਅਧੀਨ) ਅਤੇ 60/- ਰੁਪਏ ਪ੍ਰਤੀ ਮਹੀਨਾ (70 ਐਲ.ਪੀ.ਸੀ.ਡੀ. ਸਕੀਮ ਅਧੀਨ) ਲਿਆ ਜਾਂਦਾ ਹੈ। ਜੋ ਲੋਕ ਪ੍ਰਾਈਵੇਟ ਕੁਨੈਕਸ਼ਨ ਲੈਣ ਵਿਚ ਅਸਮਰੱਥ ਹੁੰਦੇ ਹਨ ਉਥੇ ਆਬਾਦੀ ਦੇ ਹਿਸਾਬ ਅਨੁਸਾਰ ਪਬਲਿਕ ਸਟੈਂਡ ਪੋਸਟ ਲਗਾ ਕੇ ਪਾਣੀ ਦੀ ਸਪਲਾਈ ਦਿੱਤੀ ਜਾਂਦੀ ਹੈ।

ਜਲ ਯੋਜਨਾ ਨਾਲ ਸੰਬੰਧਤ ਸ਼ਿਕਾਇਤਾਂ ਜਿਵੇਂ ਕਿ ਪਾਣੀ ਦੀ ਲੀਕੇਜ਼ ਜਾਂ ਪਾਣੀ ਦੇ ਬਿਲਾਂ ਸਬੰਧੀ ਨਿਪਟਾਰਾ ਵੀ ਵਿਭਾਗ ਵਲੋਂ ਕੀਤਾ ਜਾਂਦਾ ਹੈ। ਜ਼ਿਲ੍ਹਾ ਹੈਡ ਕੁਆਟਰ ਦੇ ਮੰਡਲ ਦਫ਼ਤਰ ਦਾ ਫੋਨ ਨੰ. 252973 ਹੈ ਜਿਥੋਂ ਕਿਸੇ ਪ੍ਰਕਾਰ ਦੀ ਹੋਰ ਜਾਣਕਾਰੀ ਵੀ ਹਾਸਲ ਕੀਤੀ ਜਾ ਸਕਦੀ ਹੈ।

ਇਸ ਤੋਂ ਇਲਾਵਾ ਵਿਭਾਗ ਵਲੋਂ ਲੋਕਾਂ ਨੂੰ ਸਾਫ਼ ਸੁਥਰੇ ਪਾਣੀ ਦੀ ਮਹੱਤਤਾ ਪ੍ਰਤੀ ਜਾਗਰਤ ਕੀਤਾ ਜਾਂਦਾ ਹੈ, ਜਿਸ ਬਾਰੇ ਸਮੇਂ-ਸਮੇਂ ਸਿਰ ਸੈਮੀਨਾਰ ਵੀ ਲਗਾਏ ਜਾਂਦੇ ਹਨ। ਫੀਲਡ ਸਟਾਫ ਵਲੋਂ ਵੀ ਸੰਬੰਧਤ ਸਕੀਮਾਂ ਤੇ ਲੋਕਾਂ ਨੂੰ ਸਾਫ ਪਾਣੀ ਦੀ ਮਹੱਤਤਾ ਬਾਰੇ ਪ੍ਰੇਰਨਾ ਦਿੱਤੀ ਜਾਂਦੀ ਹੈ।